## ਪਾਠ 4
## ਮਾਈਕਰੋਸਾਫਟ ਪਾਵਰਪੁਆਇੰਟ ਭਾਗ-1

**ਪ੍ਰਸ਼ਨ:1 ਖਾਲੀ ਥਾਵਾਂ ਭਰੋ:**

1. ____________ ਇੱਕ ਪ੍ਰੈਜ਼ਨਟੇਸ਼ਨ ਗ੍ਰਾਫਿਕਸ ਸਾਫਟਵੇਅਰ ਹੈ।

ੳ) ਪਾਵਰਪੁਆਇੰਟ (PowerPoint) ਅ) ਵਰਡ (Word) ੲ) ਐਕਸਲ (Excel) ਸ) ਪੇਂਟ (Paint)

2. __________ ਕਿਸੇ ਵਿਸ਼ੇ ਨੂੰ ਰੋਚਕ ਤਰੀਕੇ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੀ ਪ੍ਰਕਿਰਿਆ ਹੈ।

ੳ) ਵਰਡ ਪ੍ਰੋਸੈਸਰ ਅ) ਸਲਾਇਡ ੲ) ਪ੍ਰੈਜ਼ਨਟੇਸ਼ਨ ਸ) ਟ੍ਰਾਂਜੀਸ਼ਨ (Transition)

3. ਇੱਕ _________ ਪ੍ਰੈਜ਼ਨਟੇਸ਼ਨ ਦਾ ਇੱਕ ਪੇਜ ਹੁੰਦਾ ਹੈ।

ੳ) ਸਲਾਇਡ (Slide) ਅ) ਡਾਕੂਮੈਂਟ (Document) ੲ) ਸ਼ੀਟ (Sheet) ਸ) ਇਹਨਾਂ ਵਿਚੋਂ ਕੋਈ ਨਹੀਂ

4. __________ ਸਾਡੀ ਪ੍ਰੈਜ਼ਨਟੇਸ਼ਨ ਵਿੱਚ ਮੌਜੂਦਾ ਸਲਾਇਡ (current slide) ਨੂੰ ਦਰਸ਼ਾਉਂਦਾ ਹੈ।

ੳ) ਆਊਟਲਾਈਨ ਪੇਨ ਅ) ਕਨਟੈਂਟ ਪੇਨ ੲ) ਰੀਬਨ (Ribbon) ਸ) ਸਲਾਇਡ ਪੇਨ

**ਪ੍ਰਸ਼ਨ:2 ਬਹਤੁ ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰ:1 ਤੁਸੀਂ ਪਾਵਰਪੁਅਇੰਟ ਨੂੰ ਕਿਵੇਂ ਓਪਨ ਕਰੋਗੇ।

ਉ: Start → All Programs → Microsoft Office → Microsoft PowerPoint

ਪ੍ਰ:2 ਪਾਵਰਪੁਆਇੰਟ ਵਿੱਚ ਪ੍ਰੈਜ਼ਨਟੇਸ਼ਨ ਨੂੰ ਸੇਵ (Save) ਕਰਨ ਦੀ ਸ਼ਾਰਕੱਟ ਕੀਅ ਲਿਖੋ।

ਉ: Ctrl+S

ਪ੍ਰ:3 ਪਾਵਰਪੁਆਇੰਟ ਨੂੰ ਬੰਦ (Close) ਕਰਨ ਦੀ ਸ਼ਾਰਕੱਟ ਕੀਅ ਲਿਖੋ।

ਉ: Alt+F4

ਪ੍ਰ:4 ਪਹਿਲੀ ਸਲਾਇਡ ਤੋਂ "ਸਲਾਇਡ ਸ਼ੋਅ" ਸਟਾਰਟ ਕਰਨ ਦੀ ਸ਼ਾਰਟਕੱਟ ਕੀਅ ਲਿਖੋ।

ਉ: F5 ਫੰਕਸ਼ਨ ਕੀਅ

ਪ੍ਰ:5 ਪਾਵਰਪੁਆਇੰਟ ਵਿੱਚ ਪ੍ਰੈਜ਼ਨਟੇਸ਼ਨ ਫਾਈਲ ਦੀ ਐਕਸਟੈਂਸ਼ਨ (extension) ਲਿਖੋ।

ਉ: .pptx

ਪ੍ਰ:5 RUN ਬਾਕਸ ਨਾਲ ਪਾਵਰਪੁਆਇੰਟ ਓਪਨ ਕਰਨ ਲਈ ਕਿਹੜੇ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ?

ਉ: POWERPNT

**ਪ੍ਰਸ਼ਨ: 3 ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰ:1 ਪਾਵਰਪੁਆਇੰਰ (PowerPoint) ਕੀ ਹੈ?

ਉ: ਪਾਵਰਪੁਆਇੰਟ ਇਕ ਪ੍ਰੈਜ਼ਨਟੇਸ਼ਨ ਗ੍ਰਾਫਿਕਸ ਸੱਫਟਵੇਅਰ ਹੈ। ਇਹ ਐਮ.ਐਸ. ਆਫਿਸ ਦਾ ਹੀ ਇਕ ਭਾਗ ਹੈ। ਇਹ ਸਾਨੂੰ ਪ੍ਰਭਾਵਸ਼ਾਲੀ ਇਲੈਕਟ੍ਰਾਨਿਕ ਸਲਾਇਡ ਸ਼ੋਅ ਬਣਾਉਣ ਦੀ ਆਗਿਆ ਦਿੰਦਾ ਹੈ। ਪਾਵਰਪੁਆਇੰਟ ਵਿਚ ਪ੍ਰਸਤੁਤੀ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਅਸੀਂ ਉਸ ਵਿੱਚ ਐਨੀਮੇਸ਼ਨ ਇਫੈਕਟਸ ਆਦਿ ਦਾਖਲ ਕਰ ਸਕਦੇ ਹਾਂ।



**ਪ੍ਰ:2 ਪ੍ਰੈਜ਼ਨਟੇਸ਼ਨ (Presentation) ਉੱਪਰ ਨੋਟ ਲਿਖੋ।**
ਉ: ਪ੍ਰੈਜ਼ਨਟੇਸ਼ਨ ਕਿਸੇ ਵਿਸ਼ੇ ਨੂੰ ਰੋਚਕ ਤਰੀਕੇ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੀ ਪ੍ਰਕਿਰਿਆ ਹੈ। ਪ੍ਰੈਜ਼ਨਟੇਸ਼ਨ ਦਾ ਉਦੇਸ਼ ਤਸਵੀਰ, ਟੈਕਸਟ, ਐਨੀਮੇਸ਼ਨ ਆਦਿ ਦੀ ਵਰਤੋਂ ਕਰਦੇ ਹੋਏ ਵਿਸ਼ਾ-ਵਸਤੂ ਨੂੰ ਆਸਾਨੀ ਨਾਲ ਸਮਝਣਯੋਗ ਬਨਾਉਣਾ ਹੈ। ਇੱਕ ਪ੍ਰੈਜ਼ਨਟੇਸ਼ਨ ਵਿੱਚ ਇੱਕ ਜਾਂ ਵਧੇਰੇ ਸਲਾਈਡਾਂ ਹੋ ਸਕਦੀਆਂ ਹਨ। ਪਾਵਰਪੁਆਇੰਟ ਵਿਚ ਅਸੀਂ ਬਹੁਤ ਆਸਾਨੀ ਨਾਲ ਪ੍ਰੈਜ਼ਨਟੇਸ਼ਨ ਤਿਆਰ ਕਰ ਸਕਦੇ ਹਾਂ।

**ਪ੍ਰ:3 ਸਲਾਇਡ (Slide) ਕੀ ਹੁੰਦੀ ਹੈ?**
ਉ: ਇੱਕ ਸਲਾਇਡ ਪ੍ਰੈਜ਼ਨਟੇਸ਼ਨ ਦਾ ਇੱਕ ਪੇਜ਼ ਹੁੰਦਾ ਹੈ। ਇਹ 35 ਮਿਲੀਮੀਟਰ (mm) ਦੀ ਫਿਲਮ ਅਧਾਰਤ ਸਲਾਇਡ ਵਰਗੀ ਹੁੰਦੀ ਹੈ। ਸਲਾਇਡ ਨੂੰ ਪਾਵਰਪੁਆਇੰਟ ਵਿੱਚ ਵਰਕ-ਏਰੀਆ ਮੰਨਿਆ ਜਾ ਸਕਦਾ ਹੈ ਜਿੱਥੇ ਅਸੀਂ ਪ੍ਰੈਜ਼ਨਟੇਸ਼ਨ ਬਣਾਉਣ ਲਈ ਕੰਟੈਂਟਸ ਰੱਖਦੇ ਹਾਂ। ਇੱਕ ਪ੍ਰੈਜ਼ਨਟੇਸ਼ਨ ਵਿੱਚ ਇੱਕ ਜਾਂ ਇੱਕ ਤੋਂ ਵੱਧ ਸਲਾਈਡਾਂ ਹੋ ਸਕਦੀਆਂ ਹਨ।

**ਪ੍ਰ:4 ਪਾਵਰਪੁਆਇੰਟ ਵਿੰਡੋ ਦੇ ਮੁੱਖ ਭਾਗਾਂ ਦੇ ਨਾਂ ਲਿਖੋ।**
ਉ: ਪਾਵਰਪੁਆਇੰਟ ਵਿੰਡੋ ਦੇ ਮੁੱਖ ਭਾਗਾਂ ਦੇ ਨਾਂ ਹੇਠ ਲਿਖੇ ਹਨ:
- ਟਾਈਟਲ ਬਾਰ
- ਰਿਬਨ ਅਤੇ ਟੈਬ
- ਆਊਟਲਾਈਨ/ਸਲਾਇਡਜ਼ ਟੈਬ
- ਸਲਾਇਡ ਪੇਨ
- ਨੋਟਸ ਪੇਨ
- ਸਟੇਟਸ ਬਾਰ
- ਵਿਊ ਆਪਸ਼ਨਜ਼

**ਪ੍ਰ:5 ਤੁਸੀਂ ਪਾਵਰਪੁਆਇੰਟ ਵਿੱਚ ਦਰਸ਼ਕਾਂ ਲਈ ਪ੍ਰੈਜ਼ਨਟੇਸ਼ਨ ਨੂੰ ਕਿਵੇਂ ਪਲੇਅ (play) ਕਰੋਗੇ?**
ਉ: ਪਾਵਰਪੁਆਇੰਟ ਦਰਸ਼ਕਾਂ ਲਈ ਸਾਡੀ ਪ੍ਰੈਜ਼ਨਟੇਸ਼ਨ ਨੂੰ ਪਲੇਅ (play) ਕਰਨ ਦੇ ਬਹੁਤ ਸਾਰੇ ਤਰੀਕੇ ਪ੍ਰਦਾਨ ਕਰਦਾ ਹੈ। ਕੁੱਝ ਮੁੱਖ ਤਰੀਕੇ ਇਸ ਪ੍ਰਕਾਰ ਹਨ:
- ਪਹਿਲੀ ਸਲਾਇਡ ਤੋਂ ਪ੍ਰੈਜ਼ਨਟੇਸ਼ਨ ਸ਼ੁਰੂ ਕਰਨ ਲਈ ਸ਼ਾਰਟਕੱਟ ਕੀਅ F5 ਦਬਾਓ
- ਮੌਜੂਦਾ ਸਲਾਇਡ ਤੋਂ ਪ੍ਰੈਜ਼ਨਟੇਸ਼ਨ ਸ਼ੁਰੂ ਕਰਨ ਲਈ ਸ਼ਾਰਟਕੱਟ ਕੀਅ Shift + F5 ਦਬਾਓ

**ਪ੍ਰ:6 ਪਾਵਰਪੁਆਇੰਟ ਵਿੱਚ ਸਲਾਇਡ ਪੇਨ (Slide Pane) ਅਤੇ ਨੋਟਸ ਪੇਨ (Notes Pane) ਸੰਬੰਧੀ ਜਾਣਕਾਰੀ ਦਿਓ।**
ਉ: ਪਾਵਰਪੁਆਇੰਟ ਵਿਚ ਸਲਾਇਡ ਪੇਨ ਅਤੇ ਨੋਟਸ ਪੇਨਸ ਸੰਬੰਧੀ ਜਾਣਕਾਰੀ ਹੇਠਾਂ ਦਿਤੀ ਗਈ ਹੈ:
- **ਸਲਾਇਡ ਪੇਨ (Slide Pane):** ਇਹ ਪੇਨ ਸਾਡੀ ਪ੍ਰੈਜ਼ਨਟੇਸ਼ਨ ਵਿੱਚ ਮੌਜੂਦਾ ਸਲਾਇਡ (current slide) ਨੂੰ ਦਰਸ਼ਾਉਂਦਾ ਹੈ।
- **ਨੋਟਸ ਪੇਨ (Notes Pane):** ਇਹ ਪੇਨ ਸਲਾਇਡ ਪੇਨ ਦੇ ਨਿੱਚੇ ਮੌਜੂਦ ਹੁੰਦੀ ਹੈ। ਇਸ ਪੇਨ ਦੀ ਵਰਤੋਂ ਸਲਾਇਡ ਕੰਟੈਂਟਸ ਨਾਲ ਸੰਬੰਧਤ ਨੋਟਸ ਟਾਈਪ ਕਰਨ ਲਈ ਕੀਤੀ ਜਾਂਦੀ ਹੈ।

**ਪ੍ਰਸ਼ਨ: 4 ਵੱਡੇ ਉੱਤਰਾਂ ਵਾਲੇ ਪ੍ਰਸ਼ਨ**
**ਪ੍ਰ:1 ਪਾਵਰਪੁਆਇੰਟ ਵਿੰਡੋ ਦੇ ਕੋਈ 3 ਮੁੱਖ ਭਾਗਾਂ ਦਾ ਵਰਨਣ ਕਰੋ।**
ਉ: ਪਾਵਰਪੁਆਇੰਟ ਵਿੰਡੋ ਦੇ ਕਈ ਭਾਗ ਹੁੰਦੇ ਹਨ। 3 ਮੁੱਖ ਭਾਗਾਂ ਦਾ ਵਰਨਣ ਇਸ ਪ੍ਰਕਾਰ ਹੈ:
- **ਸਲਾਇਡ ਪੇਨ (Slide Pane):** ਇਹ ਪੇਨ ਸਾਡੀ ਪ੍ਰੈਜ਼ਨਟੇਸ਼ਨ ਵਿੱਚ ਮੌਜੂਦਾ ਸਲਾਇਡ (current slide) ਨੂੰ ਦਰਸ਼ਾਉਂਦਾ ਹੈ।
- **ਨੋਟਸ ਪੇਨ (Notes Pane):** ਇਹ ਪੇਨ ਸਲਾਇਡ ਪੇਨ ਦੇ ਨਿੱਚੇ ਮੌਜੂਦ ਹੁੰਦੀ ਹੈ। ਇਸ ਪੇਨ ਦੀ ਵਰਤੋਂ ਸਲਾਇਡ ਕੰਟੈਂਟਸ ਨਾਲ ਸੰਬੰਧਤ ਨੋਟਸ ਟਾਈਪ ਕਰਨ ਲਈ ਕੀਤੀ ਜਾਂਦੀ ਹੈ।
- **ਟਾਈਟਲ ਬਾਰ (Title Bar):** ਇਹ ਪਾਵਰਪੁਆਇੰਟ ਵਿੰਡੋ ਦੀ ਸਭ ਤੋਂ ਉੱਪਰਲੀ ਬਾਰ ਹੈ। ਇਸ ਬਾਰ ਵਿੱਚ ਸਾਫਟਵੇਅਰ ਦਾ ਨਾਮ (Microsoft PowerPoint) ਅਤੇ ਮੋਜੂਦਾ ਓਪਨ ਕੀਤੀ ਹੋਈ ਫਾਈਲ ਦਾ ਨਾਮ ਦਿਖਾਈ ਦਿੰਦਾ ਹੈ।

**ਪ੍ਰ:2 ਤੁਸੀਂ ਪਾਵਰਪੁਆਂਇੰਟ ਵਿੱਚ ਫੋਟੋ ਐਲਬਮ ਪ੍ਰੈਜ਼ਨਟੇਸ਼ਨ ਕਿਵੇਂ ਤਿਆਰ ਕਰੋਗੇ?**
ਉ: ਅਸੀਂ ਪਾਵਰਪੁਆਇੰਟ ਵਿੱਚ ਫੋਟੋ-ਐਲਬਮ ਪ੍ਰੈਜ਼ਨਟੇਸ਼ਨ ਵੀ ਬਣਾ ਸਕਦੇ ਹਾਂ। ਫੋਟੋ-ਐਲਬਮ ਪ੍ਰੈਜ਼ਨਟੇਸ਼ਨ ਤਿਆਰ ਕਰਨ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:

1. Insert ਟੈਬ ਉੱਪਰ ਕਲਿੱਕ ਕਰੋ।
2. Images ਗਰੁੱਪ ਵਿੱਚ Photo Album ਆਪਸ਼ਨ ਉੱਪਰ ਕਲਿੱਕ ਕਰੋ ਅਤੇ ਫਿਰ New Photo Album ਆਪਸ਼ਨ ਉੱਤੇ ਕਲਿੱਕ ਕਰੋ।
3. Photo Album ਡਾਇਲਾਗ ਬਾਕਸ ਓਪਨ ਹੋਵੇਗਾ। ਇਸ ਵਿਚ File/Disk... ਆਪਸ਼ਨਾਂ ਦੀ ਮਦਦ ਨਾਲ ਤਸਵੀਰਾਂ ਦੀ ਚੋਣ ਕਰੋ।
4. Album ਡਾਇਲਾਗ ਬਾਕਸ ਦੀਆਂ ਵੱਖ-ਵੱਖ ਆਪਸ਼ਨਾਂ ਦੀ ਮਦਦ ਨਾਲ ਤਸਵੀਰਾਂ ਦੀਆਂ ਸੈਟਿੰਗਜ਼ ਕਰੋ।
5. ਅੰਤ ਵਿਚ Album ਡਾਇਲਾਗ ਬਾਕਸ ਦੇ Create ਬਟਨ ਉੱਪਰ ਕਲਿੱਕ ਕਰੋ।
6. ਇਸ ਤਰ੍ਹਾਂ ਇਕ ਨਵੀਂ ਫੋਟੋ ਐਲਬਮ ਪ੍ਰੈਜ਼ਨਟੇਸ਼ਨ ਤਿਆਰ ਹੋ ਜਾਵੇਗੀ।

